


**ਇਸ ਕਿਤਾਬਚੇ ਵਿੱਚ ਪੇਸ਼ ਕੀਤੀ ਸਾਰੀ ਜਾਣਕਾਰੀ 12 ਵੱਖ-ਵੱਖ ਭਾਸ਼ਾਵਾਂ ਵਿੱਚ ਆਡੀਓ ’ਤੇ ਵੀ ਉਪਲਬਧ ਹੈ। ਕਿਰਪਾ ਕਰਕੇ ਸਮਾਰਟ ਫ਼ੋਨ ਦੇ ਕੈਮਰੇ ਉੱਤੇ ਸਬੰਧਤ ਕੋਡ ਨੂੰ ਸਕੈਨ ਕਰੋ ਅਤੇ ਇਹ ਤੁਹਾਨੂੰ ਰਿਕਾਰਡਿੰਗ ਵੱਲ ਲੈ ਜਾਏਗਾ।**

**ਜੇ ਟੀਕੇ (ਵੈਕਸੀਨ) ਬਾਰੇ ਤੁਹਾਡੇ ਕੋਈ ਪ੍ਰਸ਼ਨ ਜਾਂ ਚਿੰਤਾਵਾਂ ਹਨ ਤਾਂ ਸਿਹਤ-ਸੰਭਾਲ ਪ੍ਰਦਾਤਾ ਨਾਲ ਗੱਲ ਕਰੋ। ਇਹ ਮਹੱਤਵਪੂਰਨ ਹੈ ਕਿ ਤੁਸੀਂ ਟੀਕਾ ਲਗਵਾਓ ਕਿਉਂਕਿ ਇਹ ਆਮ ਜ਼ਿੰਦਗੀ ਵੱਲ ਵਾਪਸ ਜਾਣ ਲਈ ਸਾਡਾ ਬਿਹਤਰੀਨ ਮੌਕਾ ਹੈ।**

**ਟੀਕਾ ਲਗਵਾਉਣ ਲਈ ਬਹੁਤੀ ਦੇਰ ਨਹੀਂ ਹੋਈ ਹੈ, ਜੇ ਤੁਸੀਂ ਪਹਿਲੇ ਗੇੜ ਵਿੱਚ ਇਸ ਨੂੰ ਨਹੀਂ ਲਗਾਇਆ ਸੀ, ਤਾਂ ਜਦੋਂ ਤੁਸੀਂ ਤਿਆਰ ਹੋਵੋਗੇ ਤਾਂ ਅਸੀਂ ਇੱਥੇ ਮੌਜੂਦ ਹਾਂ।**

Leeds CITY COUNCIL

ਤਾਜ਼ਾ ਜਾਣਕਾਰੀ ਲਈ ਕਿਰਪਾ ਕਰਕੇ
**www.nhs.uk/covidvaccine**’ਤੇ ਜਾਓ

# ਸਾਨੂੰ ਕਿਉਂ ਲੱਗਦਾ ਹੈ ਕਿ ਹੈ ਕਿ ਤੁਹਾਨੂੰ ਕੋਵਿਡ-19 ਟੀਕੇ ਲਈ ਹਾਂ ਕਹਿਣੀ ਚਾਹੀਦੀ ਹੈ



## ਡਾ. ਏਬੀਏ ਹੈਕਟਰ-ਗੋਮਾ

ਸਥਾਨਕ ਜੀ.ਪੀ. ਅਤੇ ਚੈਪਲਟਾਊਨ ਪ੍ਰਾਇਮਰੀ ਕੇਅਰ ਨੈੱਟਵਰਕ ਲਈ ਕਲਿਨਿਕਲ ਡਾਇਰੈਕਟਰ।

ਮੈਂ ਲਗਭਗ ਦੋ ਮਹੀਨੇ ਪਹਿਲਾਂ ਆਪਣਾ ਪਹਿਲਾ ਟੀਕਾ ਲਗਵਾਇਆ ਸੀ ਅਤੇ ਮੇਰਾ ਦੂਜਾ ਟੀਕਾ ਲੱਗਣ ਵਾਲਾ ਹੈ। ਮੇਰੀ ਪਤਨੀ ਲੀਡਜ਼ ਜਨਰਲ ਇਨਫਰਮਰੀ ਵਿੱਚ ਕੰਮ ਕਰਦੀ ਹੈ ਅਤੇ ਉਨ੍ਹਾਂ ਦਾ ਟੀਕਾਕਰਨ ਹੋ ਚੁੱਕਾ ਹੈ। ਇਸ ਤੋਂ ਵੱਧ ਮੈਂ ਕੀ ਕਹਿ ਸਕਦਾ ਹਾਂ?

ਮੈਨੂੰ ਪਤਾ ਹੈ ਕਿ ਜ਼ਿਆਦਾਤਰ ਲੋਕ ਇਸ ਲਈ ਹਿਚਕਿਚਾ ਰਹੇ ਸਨ ਕਿਉਂਕਿ  ਉਹ ਦੇਖਣਾ ਚਾਹੁੰਦੇ ਸੀ ਸ਼ੁਰੂ ਵਿੱਚ ਟੀਕਾ ਲਗਵਾਉਣ ਵਾਲਿਆਂ ਨਾਲ ਕੀ ਹੋਵੇਗਾ। ਬਦਕਿਸਮਤੀ ਨਾਲ ਯੂ.ਕੇ. ਵਿੱਚ 120,000 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ, ਪਰ ਚੰਗੀ ਖ਼ਬਰ ਇਹ ਹੈ ਕਿ 31 ਮਿਲੀਅਨ ਤੋਂ ਜ਼ਿਆਦਾ  ਵਿਅਕਤੀਆਂ (ਅੰਕੜੇ 20/05/21 ਮੁਤਾਬਕ ਦਰੁਸਤ ਹਨ) ਨੇ ਟੀਕੇ ਦੀ ਆਪਣੀ ਪਹਿਲੀ ਖੁਰਾਕ (ਡੋਜ਼) ਲੈ ਲਈ ਹੈ; ਐਪਰ ਅਜੇ ਵੀ ਲੰਬਾ ਸਫਰ ਤੈਅ ਕਰਨਾ ਹੈ। ਚੰਗੀ ਪੁਸਤਕ ਕਹਿੰਦੀ ਹੈ, ‘ਮੇਰੇ ਲੋਕ ਜਾਣਕਾਰੀ ਦੀ ਘਾਟ ਕਾਰਨ ਤਬਾਹ ਹੋ ਰਹੇ ਹਨ’। ਜਿਸ ਵੀ ਟੀਕੇ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ ਕਿਰਪਾ ਕਰਕੇ ਉਸ ਨੂੰ ਲਗਵਾਓ ਕਿਉਂਕਿ ਉਨ੍ਹਾਂ ਸਾਰਿਆਂ ਦੀ ਬਹੁਤ ਸਖ਼ਤ ਜਾਂਚ ਕੀਤੀ ਗਈ ਹੈ। ਆਓ ਅਸੀਂ ਸਾਰੇ ਆਪਣੇ ਪਰਿਵਾਰਾਂ ਅਤੇ ਭਾਈਚਾਰੇ ਲਈ ਸਹੀ ਗੱਲ ਕਰੀਏ। ਸੁਰੱਖਿਅਤ ਰਹੋ!



ਜੂਨ 2021 ਵਿੱਚ ਪ੍ਰਕਾਸ਼ਿਤ

ਕੋਵਿਡ-19 ਵਿਰੁੱਧ ਵੱਧ ਤੋਂ ਵੱਧ ਲੋਕਾਂ ਦਾ ਟੀਕਾਕਰਨ ਕਰਵਾਉਣਾ ਆਮ ਜ਼ਿੰਦਗੀ ਵੱਲ ਵਾਪਸ ਜਾਣ ਲਈ ਸਾਡੀ ਬਿਹਤਰੀਨ ਆਸ ਹੈ।

ਇਹ ਕਿਤਾਬਚਾ ਕੋਵਿਡ-19 ਟੀਕਿਆਂ ਬਾਰੇ ਲੋਕਾਂ ਨੂੰ ਹੋਣ ਵਾਲੀਆਂ ਕੁਝ ਚਿੰਤਾਵਾਂ ਅਤੇ ਕੁਝ ਆਮ ਪ੍ਰਸ਼ਨਾਂ, ਜਿਨ੍ਹਾਂ ਨੂੰ ਅਸੀਂ ਸੁਣਦੇ ਰਹਿੰਦੇ ਹਾਂ, ਬਾਰੇ ਵਿਚਾਰ ਕਰੇਗਾ।

ਸਾਨੂੰ ਕੁਝ ਕੁ ਕਾਰਨਾਂ ਬਾਰੇ ਪਤਾ ਹੈ ਕਿ ਲੋਕ ਕੋਵਿਡ-19 ਟੀਕਾ ਲਗਵਾਉਣ ਪ੍ਰਤੀ ਸਾਵਧਾਨ ਕਿਉਂ ਹੋ ਰਹੇ ਹਨ, ਪਰ ਕੋਵਿਡ-19 ਇੱਕ ਗੰਭੀਰ ਬਿਮਾਰੀ ਹੈ, ਜੋ ਤੁਹਾਨੂੰ ਕਾਫੀ ਜ਼ਿਆਦਾ ਬਿਮਾਰ ਕਰ ਸਕਦੀ ਹੈ ਅਤੇ ਆਖ਼ਰ ਵਿੱਚ ਤੁਹਾਨੂੰ ਹਸਪਤਾਲ ਪਹੁੰਚਾ ਸਕਦੀ ਹੈ। ਤੁਹਾਡੇ ਵੱਲੋਂ ਪਰਿਵਾਰ ਦੇ ਹੋਰਨਾਂ ਮੈਂਬਰਾਂ ਤੱਕ ਵਾਇਰਸ ਪਹੁੰਚਾਉਣ ਦਾ ਵੀ ਜੋਖਮ ਹੋ ਸਕਦਾ ਹੈ ਜੋ ਜ਼ਿਆਦਾ ਕਮਜ਼ੋਰ ਹੋ ਸਕਦੇ ਹਨ। ਇਸ ਨਾਲ ਹੋਰਨਾਂ ਲੋਕਾਂ ਨੂੰ ਕੋਵਿਡ ਦੇ ਲੰਬੇ ਸਮੇਂ ਦੇ ਲੱਛਣ ਹੋ ਸਕਦੇ ਹਨ ਜੋ ਹਫ਼ਤਿਆਂ ਅਤੇ ਮਹੀਨਿਆਂ ਬੱਧੀ ਚੱਲਦੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ ਪਰ ਜੋ ਇੱਥੋਂ ਤੱਕ ਹੀ ਸੀਮਤ ਨਹੀਂ ਹਨ, ਬੇਹਦ ਥਕਾਵਟ (ਹੰਭਣਾ); ਸਾਹ ਚੜ੍ਹਨਾ; ਛਾਤੀ ਵਿੱਚ ਦਰਦ ਜਾਂ ਘੁਟਨ; ਯਾਦਦਾਸ਼ਤ ਜਾਂ ਇਕਾਗਰਤਾ ਦੀਆਂ ਸਮੱਸਿਆਵਾਂ ("ਮਾਨਸਿਕ ਉਲਝਣ"); ਸੌਣ ਵਿੱਚ ਪਰੇਸ਼ਾਨੀ (ਅਨਿਦਰਾ-ਰੋਗ); ਦਿਲ ਦਾ ਜ਼ੋਰ ਨਾਲ ਧੜਕਣਾ ਅਤੇ ਚੱਕਰ ਆਉਣੇ।

ਸਾਨੂੰ ਪਤਾ ਹੈ ਕਿ ਵੱਖ-ਵੱਖ ਭਾਈਚਾਰੇ ਕੋਵਿਡ-19 ਕਰਕੇ ਬਹੁਤ ਜ਼ਿਆਦਾ ਪ੍ਰਭਾਵਿਤ ਹੋਏ ਹਨ। ਰਾਸ਼ਟਰੀ ਅੰਕੜਿਆਂ ਬਾਰੇ ਦਫ਼ਤਰ (ਓ.ਐੱਨ.ਐੱਸ.) ਨੇ ਇਹ ਗੱਲ ਉਜਾਗਰ ਕੀਤੀ ਹੈ ਕਿ ਅਸ਼ਵੇਤ (ਕਾਲੇ) ਅਤੇ ਦੱਖਣੀ ਏਸ਼ੀਆਈ ਲੋਕਾਂ 'ਤੇ ਕੋਵਿਡ-19 ਦਾ ਬਹੁਤ ਹੀ ਮਾੜਾ ਅਸਰ ਹੋਇਆ ਹੈ। ਉਨ੍ਹਾਂ ਕੁਝ ਕਾਰਨਾਂ ਵਿੱਚ ਸ਼ਾਮਲ ਹੈ:

- ਪੇਸ਼ਾ: ਕੁਝ ਪੇਸ਼ਿਆਂ, ਜਿੱਥੇ ਘੱਟ-ਗਿਣਤੀ ਨਸਲੀ ਸਮੂਹ ਮੁਕਾਬਲਤ ਜ਼ਿਆਦਾ ਅਨੁਪਾਤ ਵਿੱਚ ਨੌਕਰੀ ਕਰਦੇ ਹਨ, ਵਿੱਚ ਕੋਵਿਡ-19 ਨਾਲ ਸਬੰਧ ਮੌਤ ਦਾ ਜ਼ਿਆਦਾ ਜੋਖਮ ਰਿਹਾ ਸੀ ਜਿਵੇਂ ਕਿ ਡਾਕਟਰੀ ਭੂਮਿਕਾਵਾਂ, ਆਵਾਜਾਈ ਕਰਮਚਾਰੀ, ਸੁਰੱਖਿਆ ਅਤੇ ਸਫ਼ਾਈ ਸਬੰਧਤ ਭੂਮਿਕਾਵਾਂ ਅਤੇ ਦੇਖਭਾਲ ਕਰਮਚਾਰੀ।
- ਵੱਡੇ ਪਰਿਵਾਰਾਂ ਵਿੱਚ ਵਿਅਕਤੀਆਂ ਨੂੰ ਕੋਵਿਡ-19 ਦਾ ਜ਼ਿਆਦਾ ਜ਼ੋਖਮ ਰਿਹਾ ਹੈ। ਬਹੁ-ਪੀੜ੍ਹੀ ਪਰਿਵਾਰ ਘੱਟ ਗਿਣਤੀ ਨਸਲੀ ਸਮੂਹਾਂ ਵਿੱਚ ਜ਼ਿਆਦਾ ਆਮ ਹਨ, ਖਾਸ ਤੌਰ 'ਤੇ ਪਾਕਿਸਤਾਨੀ, ਬੰਗਲਾਦੇਸ਼ੀ ਅਤੇ ਭਾਰਤੀ ਨਸਲੀ ਸਾਂਝ ਵਾਲੇ ਲੋਕਾਂ ਵਿੱਚ। ਵੱਡੇ ਪਰਿਵਾਰ ਵਿੱਚ ਰਹਿੰਦੇ ਬਜ਼ੁਰਗ ਵਿਅਕਤੀਆਂ ਨੂੰ ਵਿਵਹਾਰਕ ਤੌਰ 'ਤੇ ਸੁਰੱਖਿਆ ਕਰਨ ਵਿੱਚ ਜ਼ਿਆਦਾ ਮੁਸ਼ਕਿਲ ਰਹੀ ਹੈ।





## ਪੈਸਟਰ ਸੈਮਿਊਲ ਓਬਾਫੇਈ

**ਆਰ.ਸੀ.ਸੀ.ਜੀ. (ਐਵਰਲਾਸਟਿੰਗ ਫਾਦਰਜ਼ ਅਸੈਂਬਲੀ), ਲੀਡਜ਼।**

ਇਹ ਬਹੁਤ ਮਾੜੀ ਗੱਲ ਹੈ ਕਿ ਕੋਵਿਡ-19 ਨੇ 2019 ਦੇ ਆਖ਼ਰ ਤੋਂ, ਇੱਥੋਂ ਤੱਕ ਕਿ ਅਜੇ ਤੱਕ, ਦੁਨੀਆਂ ਭਰ ਵਿੱਚ ਤਬਾਹੀ ਮਚਾਈ ਹੋਈ ਹੈ। ਪਰ ਅਸੀਂ ਰੱਬ ਦੇ ਅਹਿਸਾਨਮੰਦ ਹਾਂ ਜਿਨ੍ਹਾਂ ਨੇ ਟੀਕੇ ਤਿਆਰ ਕਰਨ ਵਾਲੇ ਵਿਅਕਤੀਆਂ ਨੂੰ ਸਿਆਣਪ ਬਖਸ਼ ਕੇ ਸਾਡੀਆਂ ਦੁਆਵਾਂ ਦਾ ਉੱਤਰ ਦਿੱਤਾ ਹੈ ਜਿਸ ਨੇ ਇਨਫੈਕਸ਼ਨ (ਲਾਗ ਲੱਗਣ) ਦੀ ਦਰ ਅਤੇ ਮੌਤ-ਦਰ ਵਿੱਚ ਕਮੀ ਲਿਆਉਂਦੀ ਹੈ।.

ਸਾਈ ਹੋਣ ਦੇ ਨਾਤੇ, ਅਸੀਂ ਧਾਰਮਿਕ ਵਿਅਕਤੀ ਹਾਂ। ਪਰ, ਬਾਈਬਲ ਸਾਨੂੰ ਚੰਗੇ ਕਾਰਜਾਂ ਨਾਲ ਆਪਣੇ ਧਰਮ ਦਾ ਸਬੂਤ ਦੇਣ ਬਾਰੇ ਦੱਸਦੀ ਹੈ; ਨਹੀਂ ਤਾਂ ਸਾਡਾ ਧਰਮ ਖ਼ਤਮ ਹੈ (ਜੇਮਜ਼ 2:14-26)। ਇਸ ਤੋਂ ਇਲਾਵਾ, ਸਾਡੇ ਪ੍ਰਮਾਤਮਾ ਯੀਸੂ ਮਸੀਹ ਨੇ ਸਾਨੂੰ ਸਿਖਾਇਆ ਹੈ ਕਿ ਜਦੋਂ ਕਦੇ ਵੀ ਸਾਡੇ ਰਾਸਤੇ ਵਿੱਚ ਮੁਸ਼ਕਿਲ ਆਉਂਦੀ ਹੈ, ਹਾਲਾਂਕਿ ਅਸੀਂ ਰੱਬ ਨੂੰ ਦੁਆ ਕਰਦੇ ਹਾਂ ਕਿ ਅਸੀਂ ਇਸ ਵਿੱਚ ਨਾ ਫਸੀਏ, ਪਰ ਸਾਨੂੰ ਸਾਵਧਾਨ ਰਹਿ ਕੇ ਵਿਅਕਤੀਗਤ ਜ਼ਿੰਮੇਵਾਰੀ ਦਾ ਵੀ ਪ੍ਰਦਰਸ਼ਨ ਕਰਨਾ ਚਾਹੀਦਾ ਹੈ (ਮੈਥਿਊ 26: 36-41)। ਇਹੋ ਬਾਈਬਲ ਸਾਨੂੰ ਦੱਸਦੀ ਹੈ ਕਿ ਹਮੇਸ਼ਾਂ ਹਰੇਕ ਗੱਲ ਦੀ ਧਿਆਨਪੂਰਵਕ ਪਰਖ ਕਰਨੀ ਚਾਹੀਦੀ ਹੈ ਅਤੇ ਜੋ ਚੰਗੀ ਗੱਲ ਹੈ ਉਸ ਉੱਤੇ ਮਜਬੂਤੀ ਨਾਲ ਡਟੇ ਰਹਿਣਾ ਚਾਹੀਦਾ ਹੈ (I ਥੈਸੇਲੋਨੀਅਨ.5:21)।

ਮੈਂ ਟੀਕਿਆਂ ਨੂੰ ਸੰਤ-ਮਹਾਤਮਾਵਾਂ ਦੀਆਂ ਦੁਆਵਾਂ ਪ੍ਰਤੀ ਰੱਬ ਦੇ ਉੱਤਰ ਵੱਜੋਂ ਦੇਖਦਾ ਹਾਂ। ਇਸ ਲਈ ਮੈਂ ਹਰੇਕ ਵਿਅਕਤੀ ਨੂੰ ਉਤਸ਼ਾਹਿਤ ਕਰਾਂਗਾ ਕਿ ਉਹ ਆਪਣੀ ਵਾਰੀ ਆਉਣ 'ਤੇ ਟੀਕਾ ਲਗਵਾਉਣ। ਮੈਂ ਆਪਣੀ ਪਹਿਲੀ ਡੋਜ਼ (ਦਵਾਈ ਦੀ ਖੁਰਾਕ) ਲੈ ਲਈ ਹੈ ਅਤੇ ਮੈਂ ਆਪਣੀ ਦੂਜੀ ਡੋਜ਼ ਦੀ ਉਡੀਕ ਕਰ ਰਿਹਾ ਹਾਂ। ਪ੍ਰਮਾਤਮਾ ਸਾਡੇ 'ਤੇ ਬਖਸ਼ਿਸ਼ ਕਰੇ ਅਤੇ ਸਾਨੂੰ ਰੱਬ ਦੀ ਰਜ਼ਾ ਵਿੱਚ ਰਾਜ਼ੀ ਰੱਖੇ।




## ਮੈਂ ਟੀਕੇ ਬਾਰੇ ਬਹੁਤ ਸਾਰੀਆਂ ਅਫ਼ਵਾਹਾਂ ਸੁਣੀਆਂ ਹਨ - ਮੈਂ ਇਹ ਕਿਵੇਂ ਪਤਾ ਲਗਾ ਸਕਦਾ/ਸਕਦੀ ਹਾਂ ਕਿ ਕੀ ਉਹ ਸਹੀ ਹਨ ਜਾਂ ਗ਼ਲਤ ਹਨ?

ਤੁਸੀਂ ਜੋ ਜਾਣਕਾਰੀ ਪ੍ਰਾਪਤ ਕੀਤੀ ਹੈ ਸਭ ਤੋਂ ਪਹਿਲਾਂ ਉਸ ਦੀ ਸੂਚਨਾ ਦੇ ਸ੍ਰੋਤ ਬਾਰੇ ਪਤਾ ਲਗਾਉਣਾ ਸਭ ਤੋਂ ਵਾਜਬ ਹੁੰਦਾ ਹੈ। ਸਾਨੂੰ ਪਤਾ ਹੈ ਕਿ ਬਹੁਤ ਸਾਰੀਆਂ ਅਫ਼ਵਾਹਾਂ ਅਤੇ ਗ਼ਲਤ ਜਾਣਕਾਰੀ ਹੈ ਜਿਸ ਕਰਕੇ ਕੁਝ ਲੋਕ ਡਰ ਮਹਿਸੂਸ ਕਰਦੇ ਹਨ। ਐੱਨ.ਐੱਚ.ਐੱਸ. ਨੇ ਟੀਕੇ ਬਾਰੇ ਕਾਫੀ ਜ਼ਿਆਦਾ ਜਾਣਕਾਰੀ ਦੇ ਨਾਲ-ਨਾਲ ਜਾਣਕਾਰੀ ਦੇ ਹੋਰਨਾਂ ਭਰੋਸੇਮੰਦ ਸ੍ਰੋਤਾਂ ਲਈ ਸੰਪਰਕਾਂ ਸਹਿਤ ਇੱਕ ਵੈਬਪੇਜ ਕਾਇਮ ਕੀਤਾ ਹੈ।

**www.nhs.uk/covidvaccine**

**www.gov.uk/coronavirus**

ਲੀਡਜ਼ ਵਿੱਚ ਅਸੀਂ ਵੱਖ-ਵੱਖ ਫਾਰਮੇਟਾਂ ਵਿੱਚ ਵੱਖ-ਵੱਖ ਤਰ੍ਹਾਂ ਦੇ ਸ੍ਰੋਤ ਤਿਆਰ ਕੀਤੇ ਹਨ ਤਾਂ ਜੋ ਤੁਸੀਂ ਟੀਕੇ ਬਾਰੇ ਸੂਚਿਤ ਚੋਣ ਕਰ ਸਕੋ।.

ਕਿਰਪਾ ਕਰਕੇ ਇਸ ਨੂੰ ਦੇਖੋ:

**www.leedsccg.nhs.uk/covid-vaccine**

ਟੀਕਾ ਲਾਜ਼ਮੀ ਨਹੀਂ ਹੈ; ਪਰ ਇਹ ਸਾਨੂੰ ਕੋਵਿਡ-19 ਨੂੰ ਮਾਤ ਦੇਣ ਦਾ ਵੱਡਾ ਮੌਕਾ ਦਿੰਦਾ ਹੈ। ਇਹ ਤੁਹਾਡੀ ਅਤੇ ਤੁਹਾਡੇ ਪਿਆਰਿਆਂ ਦੀ ਸੁਰੱਖਿਆ ਕਰੇਗਾ ਅਤੇ ਇਸ ਦੇ ਨਾਲ-ਨਾਲ ਤੁਹਾਡੀ ਐੱਨ.ਐੱਚ.ਐੱਸ. ਦੀ ਵੀ ਸੁਰੱਖਿਆ ਕਰੇਗਾ।



## ਕੀ ਸਾਰੇ ਟੀਕੇ ਅਸ਼ਵੇਤ, ਏਸ਼ੀਆਈ ਅਤੇ ਘੱਟ-ਗਿਣਤੀ ਨਸਲੀ ਭਾਈਚਾਰਿਆਂ ਲਈ ਸੁਰੱਖਿਅਤ ਹਨ।

ਟਰਾਇਲਾਂ (ਪਰਖ) ਨੇ ਇਹ ਦਿਖਾਇਆ ਹੈ ਕਿ ਟੀਕੇ ਨਿਰੰਤਰ ਰੂਪ ਵਿੱਚ ਸਮੁੱਚੇ ਵੱਖ-ਵੱਖ ਨਸਲੀ ਸਮੂਹਾਂ ਲਈ ਸੁਰੱਖਿਅਤ ਅਤੇ ਅਸਰਦਾਰ ਹਨ।

- ਫਾਇਜ਼ਰ ਦੇ ਟਰਾਇਲ ਲਈ, ਸ਼ਾਮਲ ਹੋਏ ਸਹਿਭਾਗੀਆਂ ਵਿੱਚੋਂ 9.6% ਅਸ਼ਵੇਤ/ਅਫ਼ਰੀਕੀ, 26.1% ਹਿਸਪੈਨਿਕ/ਲੈਟੀਨੋ ਅਤੇ 3.4% ਏਸ਼ੀਅਨ ਸਨ।
- ਆਕਸਫੋਰਡ/ਐਸਟਰਾਜੇਨੇਕਾ ਟੀਕੇ ਲਈ ਪਰਖ ਵਿੱਚ ਸ਼ਾਮਲ 10.1% ਅਸ਼ਵੇਤ ਅਤੇ 3.5% ਏਸ਼ੀਅਨ ਸੀ।
- ਮੌਡਰੇਨਾ ਪਰਖ ਲਈ, ਸ਼ਾਮਲ ਸਹਿਭਾਗੀਆਂ ਵਿੱਚ 4.6% ਏਸ਼ੀਆਈ ਅਤੇ 9.7% ਅਫਰੀਕੀ ਅਮਰੀਕੀ ਸਨ।

ਜਨਤਕ ਮੁਲਾਂਕਣ ਰਿਪੋਰਟਾਂ ਵਿੱਚ ਮੁਕੰਮਲ ਵੇਰਵੇ ਉਪਲਬਧ ਹਨ, ਜਿਨ੍ਹਾਂ ਵਿੱਚ ਟਰਾਇਲਾਂ ਅਤੇ ਟਰਾਇਲ ਦੇ ਸਹਿਭਾਗੀਆਂ ਬਾਰੇ ਜਾਣਕਾਰੀ ਸਬੰਧੀ ਸਾਰੀ ਵਿਗਿਆਨਕ ਜਾਣਕਾਰੀ ਸ਼ਾਮਲ ਹੈ।

ਇਨ੍ਹਾਂ ਨੂੰ ਇੱਥੇ ਦੇਖਿਆ ਜਾ ਸਕਦਾ ਹੈ:

**www.gov.uk/government/publications/regulatory-approval-of-pfizer-biontech-vaccine-for-covid-19**

**www.gov.uk/government/publications/regulatory-approval-of-covid-19-vaccine-astrazeneca**

**www.gov.uk/government/publications/regulatory-approval-of-covid-19-vaccine-moderna**

## ਟੀਕਿਆਂ ਨੂੰ ਐਨੀ ਜਲਦੀ ਤਿਆਰ ਕੀਤਾ ਗਿਆ ਹੈ - ਇਸ ਤਰ੍ਹਾਂ ਕੀ ਅਸੀਂ ਉਨ੍ਹਾਂ 'ਤੇ ਭਰੋਸਾ ਕਰ ਸਕਦੇ ਹਾਂ?

ਟੀਕੇ ਤਿਆਰ ਕਰਨ ਲਈ ਬੇਮਿਸਾਲ ਵਿਸ਼ਵ-ਵਿਆਪੀ ਵਿਗਿਆਨਕ ਸਹਿਯੋਗ ਰਿਹਾ ਹੈ ਅਤੇ ਫੰਡਿੰਗ ਕੀਤੀ ਗਈ ਹੈ। ਕੌਮਾਂਤਰੀ ਕੋਸ਼ਿਸ਼ਾਂ ਨੇ ਵਿਗਿਆਨੀਆਂ ਨੂੰ ਤੇਜ਼ੀ ਨਾਲ ਕੰਮ ਕਰਨ, ਅਤੇ ਸਾਲਾਂ ਦੇ ਕੰਮ ਨੂੰ ਮਹੀਨਿਆਂ ਵਿੱਚ ਪੂਰਾ ਕਰਨ ਦੀ ਖੁੱਲ੍ਹ ਦਿੱਤੀ ਹੈ।

ਜੇਕਰ ਸਵੈ-ਸੇਵਕ ਨਾ ਹੋਣ ਤਾਂ ਕੋਈ ਵੀ ਕਲਿਨਿਕਲ ਪਰਖ ਨਹੀਂ ਹੋ ਸਕਦੀ। ਕੋਵਿਡ-19 ਟੀਕੇ ਦੀਆਂ ਕਲਿਨਿਕਲ ਪਰਖਾਂ, ਜਿਨ੍ਹਾਂ ਨੂੰ ਮਹਾਂਮਾਰੀ ਦੌਰਾਨ ਸ਼ੁਰੂ ਕੀਤਾ ਗਿਆ, ਦੇ ਮਾਮਲੇ ਵਿੱਚ ਹਜ਼ਾਰਾਂ ਸਵੈ-ਸੇਵਕਾਂ ਨੂੰ ਪਰਖਾਂ ਲਈ ਬਹੁਤ ਛੇਤੀ ਭਰਤੀ ਕੀਤਾ ਗਿਆ ਸੀ। 'ਆਮ' ਹਾਲਾਤ ਤਹਿਤ, ਇਸ ਗੱਲ ਦੀ ਸੰਭਾਵਨਾ ਹੁੰਦੀ ਹੈ ਕਿ ਇਸ ਨੂੰ ਕਾਫੀ ਲੰਬਾ ਸਮਾਂ ਲੱਗਿਆ ਹੋਵੇਗਾ, ਜੋ ਵੱਖ-ਵੱਖ ਕਾਰਨਾਂ, ਜਿਨ੍ਹਾਂ ਵਿੱਚ ਕੰਮ ਦੀਆਂ ਜ਼ਿੰਮੇਵਾਰੀਆਂ ਵੀ ਸ਼ਾਮਲ ਹਨ, ਕਰਕੇ ਲੋਕਾਂ ਦੇ ਭਾਗ ਲੈਣ ਲਈ ਅਸਮਰੱਥਾ - ਜਾਂ ਉਨ੍ਹਾਂ ਦੇ ਅਣਇੱਛੁਕ ਹੋਣ ਕਰਕੇ ਸੀ।.

ਯੂ.ਕੇ. ਵਿੱਚ ਵਰਤੋਂ ਲਈ ਪ੍ਰਵਾਨ ਹੋਏ ਟੀਕਿਆਂ ਨੇ ਸੁਤੰਤਰ ਮੈਡੀਸਨਜ਼ ਐਂਡ ਹੈਲਥਕੇਅਰ ਪ੍ਰੋਡਕਟਸ ਰੈਗੂਲੇਟਰੀ ਏਜੰਸੀ (ਐੱਮ.ਐੱਚ.ਆਰ.ਏ.) ਵੱਲੋਂ ਤੈਅ ਕੀਤੇ ਸੁਰੱਖਿਆ, ਮਿਆਰ ਅਤੇ ਅਸਰਦਾਇਕਤਾ ਦੇ ਸਖ਼ਤ ਮਾਪਦੰਡਾਂ ਨੂੰ ਪੂਰਾ ਕੀਤਾ ਹੈ। ਕੋਰੋਨਾਵਾਇਰਸ ਦੇ ਕਿਸੇ ਵੀ ਟੀਕੇ, ਜਿਸ ਨੂੰ ਪ੍ਰਵਾਨ ਕੀਤਾ ਜਾਂਦਾ ਹੈ, ਨੂੰ ਲਾਜ਼ਮੀ ਤੌਰ 'ਤੇ ਉਨ੍ਹਾਂ ਸਾਰੀਆਂ ਕਲਿਨਿਕਲ ਪਰਖਾਂ ਅਤੇ ਸੁਰੱਖਿਆ ਪੜਤਾਲਾਂ ਵਿੱਚੋਂ ਲੰਘਣਾ ਚਾਹੀਦਾ ਹੈ ਜਿਨ੍ਹਾਂ ਵਿੱਚੋਂ ਦੂਜੀਆਂ ਲਾਇਸੈਂਸਸ਼ੁਦਾ ਦਵਾਈਆਂ ਲੰਘਦੀਆਂ ਹਨ। ਐੱਮ.ਐੱਚ.ਆਰ.ਏ. ਸੁਰੱਖਿਆ ਦੇ ਕੌਮਾਂਤਰੀ ਮਿਆਰਾਂ ਦੀ ਪਾਲਣਾ ਕਰਦੀ ਹੈ.

ਵੱਖ-ਵੱਖ ਉਮਰਾਂ ਅਤੇ ਨਸਲੀ ਪਿਛੋਕੜ ਵਾਲੇ 20,000 ਤੋਂ ਜ਼ਿਆਦਾ ਵਿਅਕਤੀਆਂ ਦੇ ਅਧਿਐਨਾਂ ਵਿੱਚ ਟੀਕਿਆਂ ਨੂੰ ਅਸਰਦਾਰ ਹੋਣ ਵੱਜੋਂ ਦਿਖਾਇਆ ਗਿਆ ਹੈ ਅਤੇ ਕੋਈ ਸੁਰੱਖਿਆ ਚਿੰਤਾਵਾਂ ਦਿਖਾਈ ਨਹੀਂ ਦਿੱਤੀਆਂ ਸਨ।





## ਡਾ. ਕ੍ਰਿਸਟੀਨਾ ਕੋਸਤਾਕੇ

**ਲੀਡਜ਼ ਚਿਲਡ੍ਰਨਜ਼ ਹਸਪਤਾਲ ਵਿਖੇ ਪਿਡੀਐਟਰਿਕ ਕਾਰਡੀਓਲਿਸਟ**

ਕੋਵਿਡ-19 ਟੀਕੇ ਸੁਰੱਖਿਅਤ ਹਨ ਅਤੇ ਉਹ ਅਸਰ ਕਰਦੇ ਹਨ। ਉਨ੍ਹਾਂ ਦੀ ਜਾਂਚ ਹੋਰਨਾਂ ਟੀਕਿਆਂ ਜਾਂ ਦਵਾਈਆਂ ਦੀ ਤਰ੍ਹਾਂ ਕੀਤੀ ਗਈ ਹੈ। ਇਹ ਟੈਸਟ ਦਿਖਾਉਂਦੇ ਹਨ ਕਿ ਉਹ ਸੁਰੱਖਿਅਤ ਹਨ ਅਤੇ ਉਹ ਕੋਵਿਡ-19 ਦੇ ਪ੍ਰਭਾਵਾਂ ਵਿਰੁੱਧ ਬਹੁਤ ਉੱਚ ਪੱਧਰੀ ਸੁਰੱਖਿਆ ਮੁਹੱਈਆ ਕਰਦੇ ਹਨ।

ਕਿਸੇ ਵੀ ਟੀਕਿਆਂ ਵਿੱਚ ਕਿਸੇ ਪਸ਼ੂਆਂ ਜਾਂ ਭਰੂਣ ਸਬੰਧੀ ਪਦਾਰਥ ਨਹੀਂ ਹਨ ਅਤੇ ਉਹ ਤੁਹਾਡੇ ਡੀ.ਐੱਨ.ਏ. ਵਿੱਚ ਤਬਦੀਲੀ ਨਹੀਂ ਲਿਆਉਂਦੇ।

ਤੁਹਾਡੇ ਕੋਵਿਡ-19 ਟੀਕੇ ਨੂੰ ਦੋ ਖੁਰਾਕਾਂ ਦੇ ਰੂਪ ਵਿੱਚ ਲਗਾਇਆ ਜਾਵੇਗਾ। ਇਹ ਮਹੱਤਵਪੂਰਨ ਹੈ ਕਿ ਤੁਸੀਂ ਵੱਧ ਤੋਂ ਵੱਧ ਸੁਰੱਖਿਆ ਹਾਸਲ ਕਰਨ ਲਈ ਦੋਵੇਂ ਖੁਰਾਕਾਂ ਲਵੋ, ਇਸ ਲਈ ਕਿਰਪਾ ਕਰਕੇ ਦੋਵੇਂ ਅਪੌਇੰਟਮੈਂਟਾਂ ਲਈ ਜਾਓ।

ਜੇ ਟੀਕੇ ਬਾਰੇ ਤੁਹਾਨੂੰ ਕੋਈ ਚਿੰਤਾਵਾਂ ਹਨ, ਕਿਰਪਾ ਕਰਕੇ ਆਪਣੇ ਜੀ.ਪੀ. ਨਾਲ ਗੱਲ ਕਰੋ ਜੋ ਤੁਹਾਨੂੰ ਭਰੋਸੇਮੰਦ ਅਤੇ ਵਿਸ਼ਵਾਸ-ਯੋਗ ਜਾਣਕਾਰੀ ਮੁਹੱਈਆ ਕਰੇਗਾ। ਮੈਂ ਤੁਹਾਨੂੰ ਪੁਰਜ਼ੋਰ ਤਰੀਕੇ ਨਾਲ ਉਤਸ਼ਾਹਿਤ ਕਰਾਂਗੀ ਕਿ ਸੱਦਾ ਮਿਲਣ 'ਤੇ ਤੁਸੀਂ ਆਪਣੀ ਟੀਕਾ ਲਗਵਾਓ। ਕੋਵਿਡ-19 ਵਿਰੁੱਧ ਜ਼ਿਆਦਾ ਤੋਂ ਜ਼ਿਆਦਾ ਮਰੀਜ਼ਾਂ ਦਾ ਟੀਕਾਕਰਨ ਆਮ ਜ਼ਿੰਦਗੀ ਵੱਲ ਪਰਤਣ ਲਈ ਸਾਡੀ ਬਿਹਤਰੀਨ ਆਸ ਹੈ।

ਟੀਕਾ ਤੁਹਾਨੂੰ ਕੋਵਿਡ-19 ਤੋਂ ਗੰਭੀਰ ਰੂਪ ਵਿੱਚ ਬਿਮਾਰ ਹੋਣ ਤੋਂ ਬਚਣ ਲਈ ਮਦਦ ਕਰਦਾ ਹੈ ਪਰ ਤੁਸੀਂ ਫੇਰ ਵੀ ਹੋਰਨਾਂ ਤੱਕ ਵਾਇਰਸ ਪਹੁੰਚਾ ਸਕਦੇ ਹੋ, ਇਸ ਲਈ ਸੁਰੱਖਿਆ ਸੇਧ ਦੀ ਪਾਲਣਾ ਕਰਨੀ ਅਜੇ ਵੀ ਬਹੁਤ ਮਹੱਤਵਪੂਰਨ ਹੈ - ਫੇਸ ਕਵਰਿੰਗ ਪਹਿਨੋ, ਆਪਣੇ ਹੱਥ ਧੋਵੋ ਅਤੇ ਜਿੱਥੇ ਕਰ ਸਕਦੇ ਹੋ ਉੱਥੇ ਦੋ ਮੀਟਰ ਦੀ ਦੂਰੀ ਬਣਾਈ ਰੱਖੋ।




## ਟੀਕਾ ਕਿੰਨੀ ਦੇਰ ਲਈ ਅਸਰ ਕਰਦਾ ਹੈ ਅਤੇ ਕੀ ਮੈਨੂੰ ਇਸ ਨੂੰ ਮੁੜ-ਮੁੜ ਲਗਾਉਣਾ ਪਏਗਾ?

ਕੋਈ ਵੀ ਵਿਅਕਤੀ ਜਿਸ ਨੂੰ ਕੋਵਿਡ-19 ਹੁੰਦਾ ਹੈ ਉਹ ਗੰਭੀਰ ਰੂਪ ਵਿੱਚ ਬਿਮਾਰ ਹੋ ਸਕਦਾ ਹੈ ਜਾਂ ਉਸ 'ਤੇ ਲੰਬੇ ਸਮੇਂ ਦੇ ਪ੍ਰਭਾਵ (ਲੰਬਾ ਕੋਵਿਡ) ਪੈਂਦੇ ਹਨ। ਖੋਜ ਨੇ ਦਿਖਾਇਆ ਹੈ ਕਿ ਟੀਕੇ ਕੋਵਿਡ-19 ਕਰਕੇ ਤੁਹਾਡੇ ਗੰਭੀਰ ਰੂਪ ਵਿੱਚ ਬਿਮਾਰ ਹੋਣ ਜਾਂ ਮਰਨ ਦੇ ਜੋਖਮ ਨੂੰ ਕਾਫੀ ਜ਼ਿਆਦਾ ਘਟਾਉਂਦੇ ਹਨ ਅਤੇ ਵਾਇਰਸ ਹੋਣ ਅਤੇ ਫੈਲਣ ਦੇ ਤੁਹਾਡੇ ਜੋਖਮ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ। ਤੁਹਾਨੂੰ ਪਹਿਲੀ ਖੁਰਾਕ ਲੈਣ ਤੋਂ ਬਾਅਦ 3 ਜਾਂ 4 ਹਫ਼ਤਿਆਂ ਤੋਂ ਚੰਗੀ ਸੁਰੱਖਿਆ ਮਿਲਣੀ ਚਾਹੀਦੀ ਹੈ। ਤੁਹਾਨੂੰ ਮਜਬੂਤ ਅਤੇ ਲੰਬੇ ਸਮੇਂ ਦੀ ਸੁਰੱਖਿਆ ਲਈ 2 ਖੁਰਾਕਾਂ ਦੀ ਲੋੜ ਹੈ।


## ਡਾ. ਅਮਾਲ ਪੌੱਲ

**ਸਥਾਨਕ ਜੀ.ਪੀ. ਅਤੇ ਬਰਮਨਟੌਫਟਸ, ਹੇਅਰਹਿੱਲਜ਼ ਅਤੇ ਰਿਚਮੰਡ ਹਿੱਲ ਪ੍ਰਾਇਮਰੀ ਕੇਅਰ ਨੈੱਟਵਰਕ ਦੇ ਕਲਿਨਿਕਲ ਡਾਇਰੈਕਟਰ**




ਕੋਵਿਡ-19 ਟੀਕਿਆਂ ਬਾਰੇ ਭਰੋਸੇਮੰਦ ਅਤੇ ਵਿਸ਼ਵਾਸ-ਯੋਗ ਜਾਣਕਾਰੀ ਲਈ ਐੱਨ.ਐੱਚ. ਐੱਸ ਦੀ ਵੈਬਸਾਈਟ (**www.nhs.uk/CovidVaccine**) ਦੇਖੋ ਜਾਂ ਸਿਹਤ-ਸੰਭਾਲ ਪੇਸ਼ੇਵਰ ਨਾਲ ਗੱਲ ਕਰੋ। ਇਹ ਮਹੱਤਵਪੂਰਨ ਹੈ ਕਿ ਮਰੀਜ਼ ਇਸ ਗੱਲ ਨੂੰ ਸਮਝਣ ਕਿ ਟੀਕਾ ਕਿਵੇਂ ਬਿਮਾਰੀ ਵਿਰੁੱਧ ਉਨ੍ਹਾਂ ਦੀ ਸੁਰੱਖਿਆ ਕਰਨ ਵਿੱਚ ਮਦਦ ਕਰੇਗਾ ਅਤੇ ਗੰਭੀਰ ਰੂਪ ਵਿੱਚ ਬਿਮਾਰ ਹੋਣ ਲਈ ਉਨ੍ਹਾਂ ਦੇ ਜੋਖਮ ਨੂੰ ਘਟਾਏਗਾ।

ਕੋਵਿਡ-19 ਵਿਰੁੱਧ ਵੱਧ ਤੋਂ ਵੱਧ ਲੋਕਾਂ ਦਾ ਟੀਕਾਕਰਨ ਕਰਵਾਉਣਾ ਆਮ ਜ਼ਿੰਦਗੀ ਵੱਲ ਵਾਪਸ ਜਾਣ ਲਈ ਸਾਡੀ ਬਿਹਤਰੀਨ ਆਸ ਹੈ। ਜਦੋਂ ਤੁਹਾਨੂੰ ਸੱਦਾ ਦਿੱਤਾ ਜਾਂਦਾ ਹੈ ਤਾਂ ਕਿਰਪਾ ਕਰਕੇ ਆਪਣੀ ਟੀਕਾ ਲਗਵਾਓ ਅਤੇ ਵਾਇਰਸ ਨੂੰ ਰੋਕਣ ਲਈ ਮਦਦ ਕਰੋ।



## ਟੀਕੇ ਕਿਵੇਂ ਅਸਰ ਕਰਦੇ ਹਨ? ਕੀ ਉਹ ਮੇਰੇ ਡੀ.ਐੱਨ.ਏ. ਵਿੱਚ ਤਬਦੀਲੀ ਲਿਆਉਣਗੇ?

ਸਾਰੇ ਟੀਕਿਆਂ ਦੀ ਤਰ੍ਹਾਂ, ਕੋਵਿਡ-19 ਦੇ ਟੀਕੇ ਤੁਹਾਡੇ ਸਰੀਰ ਨੂੰ ਵਾਇਰਸ ਵਿਰੁੱਧ ਲੜਨਾ ਸਿਖਾਉਂਦੇ ਹਨ। ਵੈਕਸੀਨ ਵਾਇਰਸ ਤੋਂ ਪ੍ਰੋਟੀਨ ਬਣਾ ਕੇ ਅਸਰ ਕਰਦੇ ਹਨ ਜੋ ਕਿ ਸੁਰੱਖਿਆ ਕਰਨ ਲਈ ਮਹੱਤਵਪੂਰਨ ਹੁੰਦਾ ਹੈ। ਪ੍ਰੋਟੀਨ ਇਨਫੈਕਸ਼ਨ ਦਾ ਮੁਕਾਬਲਾ ਕਰਨ ਲਈ ਐਂਟੀਬਾਡੀਜ਼ ਅਤੇ ਸੈੱਲ ਬਣਾਉਣ ਲਈ ਰੋਗਾਂ ਨਾਲ ਮੁਕਾਬਲਾ ਕਰਨ ਵਾਲੀ ਪ੍ਰਣਾਲੀ ਨੂੰ ਮਜਬੂਤ ਕਰਦਾ ਹੈ।

ਟੀਕੇ ਦੇ ਅੰਸ਼ ਕੁਝ ਦਿਨਾਂ ਅੰਦਰ ਸਰੀਰ ਵਿੱਚੋਂ ਬਾਹਰ ਚਲੇ ਜਾਂਦੇ ਹਨ। ਟੀਕੇ ਤੁਹਾਡੇ ਡੀ.ਐੱਨ.ਏ. ਅਤੇ ਅਨੁਵੰਸ਼ਕ ਸਾਮੱਗਰੀ ਵਿੱਚ ਤਬਦੀਲੀ ਨਹੀਂ ਕਰਨਗੇ।

## ਕੀ ਟੀਕੇ ਮੇਰੇ ਧਰਮ ਲਈ ਢੁਕਵੇਂ ਹਨ?

ਕੋਵਿਡ-19 ਦੇ ਮੌਜੂਦਾ ਪ੍ਰਵਾਨਤ ਟੀਕਿਆਂ ਵਿੱਚ ਕਿਸੇ ਪਸ਼ੂਆਂ ਜਾਂ ਭਰੂਣ ਸਬੰਧੀ ਉਤਪਾਦ ਸ਼ਾਮਲ ਨਹੀਂ ਹਨ। ਮੁਸਲਿਮ, ਹਿੰਦੂ ਅਤੇ ਯਹੂਦੀ ਧਰਮਾਂ ਦੇ ਆਗੂਆਂ ਨੇ ਕਿਹਾ ਹੈ ਕਿ ਟੀਕੇ ਉਨ੍ਹਾਂ ਦੇ ਧਰਮਾਂ ਦੇ ਲੋਕਾਂ ਲਈ ਢੁਕਵੇਂ ਹਨ ਅਤੇ ਲੋਕਾਂ ਨੂੰ ਉਨ੍ਹਾਂ ਨੂੰ ਲਗਵਾਉਣ ਪ੍ਰਤੀ ਝਿਜਕ ਨਹੀਂ ਦਿਖਾਉਣੀ ਚਾਹੀਦੀ।




## ਕੀ ਟੀਕੇ ਮਰਦਾਂ ਅਤੇ ਔਰਤਾਂ ਲਈ ਜਣਨ-ਸਮਰੱਥਾ ਉੱਤੇ ਅਸਰ ਪਾ ਸਕਦੇ ਹਨ?

ਰੌਇਲ ਕਾਲਜ ਆਫ਼ ਆਬਸਟੇਟਰੀਸ਼ੀਅਨਜ਼ ਅਤੇ ਗਾਇਨੀਕੋਲੋਜਿਸਟ ਅਤੇ ਰੌਇਲ ਕਾਲਜ ਆਫ਼ ਮਿਡਵਾਈਵਜ਼ ਨੇ ਕਿਹਾ ਹੈ ਕਿ ਇਹ ਸੁਝਾਉਣ ਲਈ ਕੋਈ ਸਬੂਤ ਨਹੀਂ ਹੈ ਕਿ ਕੋਵਿਡ-19 ਦੇ ਟੀਕੇ ਜਣਨ-ਸਮਰੱਥਾ ਉੱਤੇ ਅਸਰ ਪਾਉਣਗੇ।

ਡਾ. ਗਾਇਤਰੀ ਅਮ੍ਰਿਤਾਲਿੰਗਮ, ਕਨਸਲਟੈਂਟ, ਪਬਲਿਕ ਹੈਲਥ ਇੰਗਲੈਂਡ, ਰਾਸ਼ਟਰੀ ਟੀਕਾਕਰਨ ਟੀਮ:

"ਅਧਿਐਨਾਂ ਨੇ ਦਿਖਾਇਆ ਹੈ ਕਿ, ਹੋਰਨਾਂ ਟੀਕਿਆਂ ਦੀ ਤਰ੍ਹਾਂ, ਇੱਕ ਵਾਰੀ ਜਦੋਂ ਤੁਹਾਡਾ ਟੀਕਾਕਰਨ ਹੋ ਜਾਂਦਾ ਹੈ, ਤਾਂ ਟੀਕੇ ਦੇ ਅੰਸ਼ ਤੁਹਾਡੇ ਲਿੰਫ ਗਲੈਂਡਜ਼ ਵੱਲ ਜਾਂਦੇ ਹਨ ਅਤੇ ਕੁਝ ਹੀ ਦਿਨਾਂ ਦੇ ਅੰਦਰ ਉਨ੍ਹਾਂ ਨੂੰ ਤੁਹਾਡੇ ਸਰੀਰ ਤੋਂ ਜ਼ਾਇਆ ਪਦਾਰਥ ਦੀ ਤਰ੍ਹਾਂ ਕੱਢ ਦਿੱਤਾ ਜਾਂਦਾ ਹੈ। ਅਤੇ ਇਸ ਤਰ੍ਹਾਂ ਅਜਿਹਾ ਕੋਈ ਤਰੀਕਾ ਨਹੀਂ ਹੈ ਜਿਸ ਨਾਲ ਇਹ ਟੀਕਾ ਤੁਹਾਡੀ ਮੌਜੂਦਾ ਜਾਂ ਭਵਿੱਖ ਦੀ ਜਣਨ-ਸਮਰੱਥਾ ਉੱਤੇ ਅਸਰ ਪਾ ਸਕਦਾ ਹੈ।"

## ਜੇ ਮੈਂ ਗਰਭਵਤੀ ਹੋਵਾਂ ਤਾਂ ਕੀ ਮੈਂ ਟੀਕਾ ਲਗਵਾ ਸਕਦੀ ਹਾਂ?

ਵੈਕਸੀਨੇਸ਼ਨ ਅਤੇ ਇਮਿਊਨਾਈਜੇਸ਼ਨ ਬਾਰੇ ਸਾਂਝੀ ਕਮੇਟੀ (ਜੇ.ਸੀ.ਵੀ.ਆਈ.) ਨੇ ਗਰਭਵਤੀ ਔਰਤਾਂ ਲਈ ਕੋਵਿਡ-19 ਟੀਕਾਕਰਨ ਬਾਰੇ ਨਵੀਂ ਸਲਾਹ ਜਾਰੀ ਕੀਤੀ ਹੈ।

ਜੇ.ਸੀ.ਵੀ.ਆਈ. ਨੇ ਸਲਾਹ ਦਿੱਤੀ ਹੈ ਕਿ ਗਰਭਵਤੀ ਔਰਤਾਂ ਨੂੰ ਉਨ੍ਹਾਂ ਦੀ ਉਮਰ ਅਤੇ ਕਲਿਨਿਕਲ ਜੋਖਮ ਸਮੂਹ ਦੇ ਆਧਾਰ 'ਤੇ ਬਾਕੀ ਦੀ ਵੱਸੋਂ ਵਾਂਗ ਇੱਕੋ (ਉਸੇ) ਸਮੇਂ 'ਤੇ ਹੀ ਕੋਵਿਡ-19 ਟੀਕੇ ਦੀ ਪੇਸ਼ਕਸ਼ ਕਰਨੀ ਚਾਹੀਦੀ ਹੈ।

ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਆਪਣੇ ਸਿਹਤ-ਸੰਭਾਲ ਪੇਸ਼ੇਵਰ ਨਾਲ ਗੱਲ ਕਰੋ ਜਾਂ ਕਿਰਪਾ ਕਰਕੇ ਇੱਥੇ ਜਾਓ:

**www.bit.ly/jcviadviceonc19vaccinationforpregnantwomen**



## ਜੀ.ਪੀ./ਡਾਕਟਰ ਕੋਲ ਨਾਮ ਦਰਜ ਕਰਨਾ

ਤੁਸੀਂ NHS.uk website 'ਤੇ ਜੀ.ਪੀ. /ਡਾਕਟਰਾਂ ਬਾਰੇ ਪਤਾ ਲਗਾ ਸਕਦੇ ਹੋ। ਤੁਹਾਨੂੰ ਨਾਮ ਦਰਜ ਕਰਨ ਲਈ ਇੱਕ ਫਾਰਮ ਭਰਨਾ ਪਏਗਾ - ਕੁਝ ਸਰਜਰੀਆਂ ਲਈ ਤੁਸੀਂ ਉਨ੍ਹਾਂ ਦੀ ਵੈਬਸਾਈਟ ਉੱਤੇ ਅਜਿਹਾ ਕਰ ਸਕਦੇ ਹੋ ਇਸ ਲਈ ਪਹਿਲਾਂ ਉਨ੍ਹਾਂ ਬਾਰੇ ਪਤਾ ਲਗਾਓ। ਬਦਲ ਦੇ ਤੌਰ 'ਤੇ, ਤੁਸੀਂ GOV.UK ਤੋਂ ਜੀ.ਐੱਮ.ਐੱਸ. ਰਜਿਸਟ੍ਰੇਸ਼ਨ ਫਾਰਮ ਡਾਊਨਲੋਡ ਕਰ ਸਕਦੇ ਹੋ ਜਾਂ ਜੀ.ਪੀ/ਡਾਕਟਰ ਦੀ ਸਰਜਰੀ ਤੋਂ ਰਜਿਸਟ੍ਰੇਸ਼ਨ ਫਾਰਮ ਲੈਣ ਲਈ ਸਮੇਂ ਦਾ ਇੰਤਜਾਮ ਕਰ ਸਕਦੇ ਹੋ। ਕੋਈ ਵੀ ਜੀ.ਪੀ/ਡਾਕਟਰ ਕੋਲ ਨਾਮ ਦਰਜ ਕਰਵਾ ਸਕਦਾ ਹੈ। ਤੁਹਾਨੂੰ ਸਥਾਈ ਪਤੇ ਜਾਂ ਪਹਿਚਾਣ ਦੀ ਜ਼ਰੂਰਤ ਨਹੀਂ ਹੈ। ਜੇ ਤੁਹਾਨੂੰ ਜੀ.ਪੀ/ਡਾਕਟਰ ਕੋਲ ਨਾਮ ਦਰਜ ਕਰਵਾਉਣ ਲਈ ਮੁਸ਼ਕਿਲਾਂ ਹੁੰਦੀਆਂ ਹਨ, ਤਾਂ **0300 311 22 33**.

## ਕੀ ਲੋਕ ਚੋਣ ਕਰ ਸਕਦੇ ਹਨ ਕਿ ਉਹ ਕਿਹੜਾ ਟੀਕਾ ਲਗਾਉਣਾ ਚਾਹੁੰਦੇ ਹਨ?

ਲੋਕਾਂ ਕੋਲ ਕੋਈ ਚੋਣ ਨਹੀਂ ਹੋਵੇਗੀ। ਪਰ, ਜਦੋਂ ਤੁਸੀਂ ਆਪਣੇ ਟੀਕਾ ਲਗਵਾਉਣ ਵਾਲੇ ਸਿਹਤ-ਸੰਭਾਲ ਪੇਸ਼ਾਵਰ ਨਾਲ ਗੱਲ ਕਰਦੇਹੋ, ਤਾਂ ਉਹ ਤੁਹਾਡਾ ਡਾਕਟਰੀ ਇਤਿਹਾਸ ਚੰਗੀ ਤਰ੍ਹਾਂ ਦੇਖਣਗੇ ਅਤੇ ਤੁਹਾਡੀ ਉਮਰ ਅਤੇ ਸਿਹਤ ਸਮੱਸਿਆ ਲਈ ਤੁਹਾਡੇ ਢੁਕਵਾਂ ਟੀਕਾ ਲਗਾਉਣਗੇ।

## ਕੀ ਇੱਕ ਟੀਕਾ ਦੂਜੇ ਨਾਲੋਂ ਬਿਹਤਰ ਹੈ?

ਸਾਰੇ ਟੀਕਿਆਂ ਨੂੰ ਸੁਰੱਖਿਅਤ ਅਤੇ ਬਹੁਤ ਜ਼ਿਆਦਾ ਅਸਰਦਾਰ ਹੋਣ ਵੱਜੋਂ ਦਿਖਾਇਆ ਗਿਆ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਉਹ ਸਾਰੇ ਤੁਹਾਨੂੰ ਕੋਵਿਡ-19 ਕਰਕੇ ਗੰਭੀਰ ਰੂਪ ਵਿੱਚ ਬਿਮਾਰ ਹੋਣ ਤੋਂ ਬਚਾਉਂਦੇ ਹਨ।






## ਇਮਾਮ ਕਾਰੀ ਅਸੀਮ ਐੱਮ.ਬੀ.ਈ.

**ਮੌਸਕਿਊਜ਼ ਐਂਡ ਇਮਾਮਜ਼ ਨੈਸ਼ਨਲ ਐਡਵਾਇਜ਼ਰੀ ਬੋਰਡ ਦੇ ਚੇਅਰਪਰਸਨ। ਮੱਕਾ ਮਸਜਿਦ ਲੀਡਜ਼ ਦੇ ਸੀਨੀਅਰ ਇਮਾਮ ਅਤੇ ਇਸਲਾਮੋਫੋਬੀਆ ਦੀ ਪਰਿਭਾਸ਼ਾ ਬਾਰੇ ਸਰਕਾਰ ਦੇ ਸੁਤੰਤਰ ਸਲਾਹਕਾਰ**

ਇਸ ਮਹਾਂਮਾਰੀ ਦੌਰਾਨ, ਇਹ ਗੱਲ ਉਜਾਗਰ ਹੋਈ ਹੈ ਕਿ ਕੁਝ ਭਾਈਚਾਰੇ ਟੀਕਿਆਂ ਪ੍ਰਤੀ ਚਿੰਤਤ ਹਨ, ਆਮ ਤੌਰ 'ਤੇ ਗ਼ਲਤ ਜਾਣਕਾਰੀ ਕਰਕੇ। ਉਨ੍ਹਾਂ ਵਿਅਕਤੀਆਂ ਦੁਆਰਾ ਆਨਲਾਈਨ ਸਪੇਸ ਉੱਤੇ ਲੋੜੋਂ ਵੱਧ ਜਾਣਕਾਰੀ ਦੀ ਭਰਮਾਰ ਕੀਤੀ ਗਈ ਹੈ ਜੋ ਨਾ ਤਾਂ ਇਸ ਵਿਸ਼ੇ ਦੇ ਮਾਹਰ ਹਨ ਅਤੇ ਨਾ ਹੀ ਉਨ੍ਹਾਂ ਨੇ ਪ੍ਰਾਪਤ ਜਾਣਕਾਰੀ ਦੇ ਸ੍ਰੋਤ ਦੀ ਪੁਸ਼ਟੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਖ਼ਤਰਨਾਕ ਹੈ ਅਤੇ ਸਾਡੀ ਸਾਰਿਆਂ ਦੀ ਇੱਕ ਦੂਜੇ ਦਾ ਧਿਆਨ ਰੱਖਣ ਦੀ ਜ਼ਿੰਮੇਵਾਰੀ ਹੈ, ਜੋ ਅਜਿਹੀ ਗੱਲ ਹੈ ਜਿਸ ਉੱਤੇ ਇਸਲਾਮ ਬਹੁਤ ਜ਼ੋਰ ਦਿੰਦਾ ਹੈ। ਸਾਡਾ ਧਿਆਨ ਜ਼ਿੰਦਗੀਆਂ ਦੀ ਸੁਰੱਖਿਆ ਕਰਨ ਅਤੇ ਉਨ੍ਹਾਂ ਨੂੰ ਬਚਾਉਣ ਵੱਲ ਕੇਂਦਰਤ ਹੋਣਾ ਚਾਹੀਦਾ ਹੈ। ਇਸ ਮਹਾਂਮਾਰੀ ਵਿੱਚ ਗ਼ਲਤ-ਜਾਣਕਾਰੀ ਜਾਨਾਂ ਲੈ ਸਕਦੀ ਹੈ; ਇਸ ਨੂੰ ਫੈਲਾਉਣ ਤੋਂ ਪਹਿਲਾਂ ਪੁਸ਼ਟੀ ਕਰੋ।

## ਟੀਕਾ ਲਗਵਾਉਣਾ

ਭਾਵੇਂ ਤੁਹਾਡੇ ਇਮੀਗ੍ਰੇਸ਼ਨ ਦਾ ਕੋਈ ਵੀ ਰੁਤਬਾ ਹੋਵੇ - ਟੀਕਾ ਹਰੇਕ ਵਿਅਕਤੀ ਲਈ ਮੁਫ਼ਤ ਹੈ। ਜੇ ਤੁਸੀਂ ਪਹਿਲਾਂ ਤੋਂ ਨਾਮ ਦਰਜ ਨਹੀਂ ਕਰਵਾਇਆ ਤਾਂ ਤੁਹਾਨੂੰ ਜੀ.ਪੀ. /ਡਾਕਟਰ ਕੋਲ ਨਾਮ ਦਰਜ ਕਰਵਾਉਣ ਦੀ ਲੋੜ ਹੈ। ਯੂ.ਕੇ. ਵਿੱਚ ਰਹਿਣ ਵਾਲਾ ਹਰੇਕ ਵਿਅਕਤੀ ਅਜਿਹਾ ਕਰ ਸਕਦਾ ਹੈ। ਪਰ, ਜੇ ਕਿਸੇ ਕਾਰਨ ਤੁਸੀਂ ਜੀ.ਪੀ. ਕੋਲ ਨਾਮ ਦਰਜ ਨਹੀਂ ਕਰਵਾਉਣਾ ਚਾਹੁੰਦੇ, ਤਾਂ ਤੁਸੀਂ ਫੇਰ ਵੀ **ervaccinationcentre@nhs.net** 'ਤੇ ਈਮੇਲ ਕਰਕੇ ਜਾਂ **0113 20 69624** 'ਤੇ ਈਲੈਂਡ ਰੋਡ ਵੈਕਸੀਨੇਸ਼ਨ ਬੁਕਿੰਗ ਨੂੰ ਫ਼ੋਨ ਕਰਕੇ ਟੀਕਾ ਲਗਵਾ ਸਕਦੇ ਹੋ।



## ਥੋੜ੍ਹੇ ਸਮੇਂ ਦੇ ਅਤੇ ਲੰਬੇ ਸਮੇਂ ਦੇ ਮਾੜੇ ਪ੍ਰਭਾਵ ਕੀ ਹਨ?

ਸਾਰੀਆਂ ਦਵਾਈਆਂ ਦੀ ਤਰ੍ਹਾਂ, ਟੀਕਿਆਂ ਦੇ ਵੀ ਮਾੜੇ ਪ੍ਰਭਾਵ ਹੋ ਸਕਦੇ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਹਲਕੇ ਅਤੇ ਥੋੜ੍ਹੀ ਦੇਰ ਲਈ ਹੁੰਦੇ ਹਨ, ਅਤੇ ਹਰੇਕ ਵਿਅਕਤੀ ਨੂੰ ਇਹ ਨਹੀਂ ਹੁੰਦੇ। ਜੇ ਤੁਹਾਨੂੰ ਪਹਿਲੀ ਖੁਰਾਕ ਲੈਣ ਤੋਂ ਬਾਅਦ ਵੀ ਲੱਛਣ ਹੁੰਦੇ ਹਨ, ਤਾਂ ਤੁਹਾਨੂੰ ਫੇਰ ਵੀ ਦੂਜੀ ਖੁਰਾਕ ਲੈਣ ਦੀ ਲੋੜ ਹੁੰਦੀ ਹੈ। ਹਾਲਾਂਕਿ ਤੁਹਾਨੂੰ ਪਹਿਲੀ ਖੁਰਾਕ ਤੋਂ ਚੰਗੀ ਤਰ੍ਹਾਂ ਸੁਰੱਖਿਆ ਮਿਲਣੀ ਚਾਹੀਦੀ ਹੈ, ਪਰ ਦੂਜੀ ਖੁਰਾਕ ਤੁਹਾਨੂੰ ਵਾਇਰਸ ਵਿਰੁੱਧ ਲੰਬੇ ਸਮੇਂ ਦੀ ਸੁਰੱਖਿਆ ਪ੍ਰਦਾਨ ਕਰਦੀ ਹੈ।

ਬੇਹਦ ਆਮ ਮਾੜੇ ਪ੍ਰਭਾਵਾਂ ਵਿੱਚ ਸ਼ਾਮਲ ਹਨ:

- ਤੁਸੀਂ ਜਿੱਥੇ ਟੀਕਾ ਲਗਵਾਇਆ ਸੀ ਬਾਂਹ ਵਿੱਚ ਉਸ ਜਗ੍ਹਾ 'ਤੇ ਤਕਲੀਫਦੇਹ, ਭਾਰੇਪਣ ਦਾ ਅਹਿਸਾਸ ਅਤੇ ਦਰਦ। ਇਹ ਟੀਕੇ ਤੋਂ 1-2 ਦਿਨ ਬਾਅਦ ਵਿਗੜਦਾ ਹੈ
- ਥਕਾਵਟ ਮਹਿਸੂਸ ਕਰਨੀ
- ਸਿਰਦਰਦ
- ਆਮ ਦਰਦਾਂ, ਜਾਂ ਹਲਕੇ ਫਲੂ ਵਰਗੇ ਲੱਛਣ

ਹਾਲਾਂਕਿ 2 ਤੋਂ 3 ਦਿਨਾਂ ਲਈ ਬੁਖਾਰ ਵਰਗਾ ਮਹਿਸੂਸ ਕਰਨਾ ਅਸਧਾਰਨ ਨਹੀਂ ਹੈ, ਪਰ ਜ਼ਿਆਦਾ ਬੁਖਾਰ ਅਸਧਾਰਨ ਹੈ ਅਤੇ ਇਹ ਸੰਕੇਤ ਕਰ ਸਕਦਾ ਹੈ ਕਿ ਤੁਹਾਨੂੰ ਕੋਵਿਡ-19 ਹੈ ਜਾਂ ਕੋਈ ਹੋਰ ਇਨਫੈਕਸ਼ਨ ਹੈ। ਤੁਸੀਂ ਬਿਹਤਰ ਮਹਿਸੂਸ ਕਰਨ ਲਈ ਆਰਾਮ ਕਰ ਸਕਦੇ ਹੋ ਅਤੇ ਪੈਰਾਸੀਟਾਮੋਲ ਦੀ ਆਮ ਖੁਰਾਕ ਲੈ ਸਕਦੇ ਹੋ (ਪੈਕੇਜਿੰਗ 'ਤੇ ਦਿੱਤੀ ਸਲਾਹ ਦੀ ਪਾਲਣਾ ਕਰੋ)।

ਟੀਕਾਕਰਨ ਤੋਂ ਬਾਅਦ ਆਮ ਤੌਰ 'ਤੇ ਲੱਛਣ ਇੱਕ ਹਫ਼ਤੇ ਤੋਂ ਘੱਟ ਸਮੇਂ ਤੱਕ ਰਹਿੰਦੇ ਹਨ। ਜੇ ਤੁਹਾਡੇ ਲੱਛਣ ਵਿਗੜਦੇ ਜਾਪਦੇ ਹਨ ਜਾਂ ਤੁਹਾਨੂੰ ਚਿੰਤਾ ਹੁੰਦੀ ਹੈ, ਤਾਂ ਐੱਨ.ਐੱਚ.ਐੱਸ.**111** 'ਤੇ ਕਾਲ ਕਰੋ।




ਜੇ ਤੁਸੀਂ ਡਾਕਟਰ ਜਾਂ ਨਰਸ ਤੋਂ ਸਲਾਹ ਲੈਂਦੇ ਹੋ, ਤਾਂ ਯਕੀਨੀ ਬਣਾਓ ਕਿ ਤੁਸੀਂ ਉਨ੍ਹਾਂ ਨੂੰ ਆਪਣੇ ਟੀਕਾਕਰਨ ਬਾਰੇ ਦੱਸਦੇ ਹੋ (ਜੇ ਸੰਭਵ ਹੋਵੇ ਤਾਂ ਉਨ੍ਹਾਂ ਨੂੰ ਆਪਣਾ ਟੀਕਾਕਰਨ ਕਾਰਡ ਦਿਖਾਓ) ਤਾਂ ਜੋ ਉਹ ਤੁਹਾਡਾ ਸਹੀ ਤਰ੍ਹਾਂ ਨਾਲ ਮੁਲਾਂਕਣ ਕਰ ਸਕਣ।

ਉਨ੍ਹਾਂ ਲੋਕਾਂ ਤੋਂ ਅਲਰਜੀ ਦੀਆਂ ਪ੍ਰਤੀਕਿਰਿਆਵਾਂ ਵਰਗੇ ਗੰਭੀਰ ਮਾੜੇ ਪ੍ਰਭਾਵਾਂ ਦੀਆਂ ਬੇਹਦ ਘੱਟ ਰਿਪੋਰਟਾਂ ਮਿਲੀਆਂ ਹਨ ਜਿਨ੍ਹਾਂ ਨੇ ਕੋਵਿਡ-19 ਦਾ ਟੀਕਾ ਲਗਾਇਆ ਸੀ। ਲੰਬੇ ਸਮੇਂ ਦੀਆਂ ਕਿਸੇ ਤਰ੍ਹਾਂ ਦੀਆਂ ਉਲਝਣਾਂ ਬਾਰੇ ਨਹੀਂ ਦੱਸਿਆ ਗਿਆ ਹੈ।

## ਆਕਸਫੋਰਡ-ਐਸਟਰਾਜੈਨਿਕ ਕੋਵਿਡ-19 ਟੀਕੇ ਸਬੰਧੀ ਸੇਧ ਕੀ ਹੈ?

ਆਕਸਫੋਰਡ-ਐਸਟਰਾਜ਼ੈਨੇਕਾ ਕੋਵਿਡ-19 ਟੀਕਾਕਰਨ ਦੀ ਵਰਤੋਂ ਲਈ ਨਵੀਂ ਸੇਧ ਜਾਰੀ ਕੀਤੀ ਗਈ ਹੈ।

ਯੂ.ਕੇ. ਦੀ ਸੁੰਤਤਰ ਨਿਯੰਤ੍ਰਕ, ਐੱਮ.ਐੱਚ.ਆਰ.ਏ. ਬਹੁਤ ਥੋੜ੍ਹੀ ਗਿਣਤੀ ਵਿੱਚ ਲੋਕਾਂ, ਜਿਨ੍ਹਾਂ ਨੇ ਆਕਸਫੋਰਡ/ਐਸਟਰਾਜੈਨਿਕਾ ਦਾ ਟੀਕਾ ਲਵਾਇਆ ਸੀ, 'ਤੇ ਅਸਰ ਪਾ ਰਹੀ ਖੂਨ ਦੇ ਗਤਲੇ (ਗੰਢਾਂ) ਬਣਨ ਦੀ ਬੇਹਦ ਦੁਰਲੱਭ ਸਮੱਸਿਆ ਦੀਆਂ ਰਿਪੋਰਟਾਂ ਦੀ ਨਿਗਰਾਨੀ ਕਰ ਰਹੀ ਹੈ। ਇਹ ਸਮੱਸਿਆ ਉਨ੍ਹਾਂ ਲੋਕਾਂ ਨੂੰ ਵੀ ਹੋ ਸਕਦੀ ਹੈ ਜਿਨ੍ਹਾਂ ਨੇ ਟੀਕਾ ਨਹੀਂ ਲਗਵਾਇਆ ਹੈ ਅਤੇ ਇਸ ਬਾਰੇ ਸਪਸ਼ਟ ਨਹੀਂ ਹੈ ਕਿ ਇਹ ਕੁਝ ਲੋਕਾਂ ਉੱਤੇ ਕਿਉਂ ਅਸਰ ਪਾ ਰਹੀ ਹੈ।.

ਐੱਮ.ਐੱਚ.ਆਰ.ਏ. ਅਤੇ ਵੈਕਸੀਨੇਸ਼ਨਜ਼ ਅਤੇ ਇਮਿਊਨਾਈਜੇਸ਼ਨਜ਼ ਦੀ ਸਾਂਝੀ ਕਮੇਟੀ(ਜੇ.ਸੀ.ਵੀ.ਆਈ.), ਦੋਵੇਂ ਹੀ ਇਸ ਗੱਲ ਉੱਤੇ ਜੋਰ ਦੇ ਰਹੇ ਹਨ ਕਿ ਜੋਖਮ ਬਹੁਤ ਹੀ ਘੱਟ ਹੈ - ਹਰੇਕ ਦੱਸ ਲੱਖ ਲੋਕਾਂ ਵਿੱਚੋਂ ਮਹਿਜ਼ 10 ਤੋਂ ਵੱਧ ਲੋਕਾਂ ਵਿੱਚ ਇਹ ਸਿਹਤ-ਸਮੱਸਿਆ ਹੋਈ ਹੈ - ਅਤੇ ਜ਼ਿਆਦਾਤਰ ਲੋਕਾਂ ਲਈ ਟੀਕੇ ਦੇ ਫਾਇਦੇ ਇਸ ਦੇ ਜੋਖਮਾਂ ਨਾਲੋਂ ਜ਼ਿਆਦਾ ਅਹਿਮ ਹਨ।

ਜੇਕਰ ਤੁਹਾਡੀ ਉਮਰ 40 ਸਾਲ ਜਾਂ ਇਸ ਤੋਂ ਜ਼ਿਆਦਾ ਹੈ ਜਾਂ ਅਜਿਹੀ ਸਿਹਤ-ਸਮੱਸਿਆ ਹੈ ਜੋ ਤੁਹਾਨੂੰ ਕੋਵਿਡ-19 ਹੋਣ ਦੇ ਜੋਖਮ ਵਿੱਚ ਪਾਉਂਦੀ ਹੈ, ਤਾਂ ਤੁਹਾਨੂੰ ਜਿਸ ਕਿਸੇ ਟੀਕੇ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਤੁਹਾਨੂੰ ਉਹ ਫੇਰ ਵੀ ਲਗਾਉਣਾ ਚਾਹੀਦਾ ਹੈ। ਵੈਕਸੀਨ ਦੇ ਫਾਇਦੇ ਤੁਹਾਨੂੰ ਕੋਵਿਡ-19 ਕਾਰਨ ਗੰਭੀਰ ਰੂਪ ਵਿੱਚ ਬਿਮਾਰ ਹੋਣ ਜਾਂ ਮਰਨ ਤੋਂ ਰੋਕਦੇ ਹਨ, ਖੂਨ ਦੇ ਗਤਲੇ ਬਣਨ ਦੀਆਂ ਸਮੱਸਿਆਵਾਂ ਦੇ ਕਿਸੇ ਵੀ ਜੋਖਮ ਨਾਲੋਂ ਜ਼ਿਆਦਾ ਮਹੱਤਵਪੂਰਨ ਹੁੰਦੇ ਹਨ।

40 ਸਾਲ ਤੋਂ ਘੱਟ ਉਮਰ ਵਾਲੇ ਅਤੇ ਬਗੈਰ ਕਿਸੇ ਬਿਮਾਰੀ ਤੋਂ ਪੀੜ੍ਹਤ ਲੋਕਾਂ ਲਈ, ਜੇ.ਸੀ.ਵੀ.ਆਈ. ਨੇ ਸਲਾਹ ਦਿੱਤੀ ਹੈ ਕਿ ਜਿੱਥੇ ਉਪਲਬਧ ਹੋਵੇ ਉੱਥੇ ਕੋਵਿਡ-19 ਦਾ ਵਿਕਲਪਿਕ ਟੀਕਾ ਲਗਾਉਣਾ ਬਿਹਤਰ ਹੈ ਅਤੇ ਜਿੱਥੇ ਇਹ ਟੀਕਾ ਲਗਵਾਉਣ ਵਾਲੇ ਲੋਕਾਂ ਲਈ ਦੇਰੀ ਦਾ ਕਾਰਨ ਨਹੀਂ ਬਣੇਗਾ।

ਕਿਰਪਾ ਕਰਕੇ ਹੇਠਾਂ ਦਿੱਤੇ ਲਿੰਕ ਨੂੰ ਦੇਖੋ ਜੋ ਤੁਹਾਨੂੰ ਮਰੀਜ਼ ਦੇ ਕਿਤਾਬਚੇ ਵੱਲ ਲੈ ਜਾਏਗਾ ਜਿਸ ਨੂੰ ਪਬਲਿਕ ਹੈਲਥ ਇੰਗਲੈਂਡ ਅਤੇ ਐੱਨ.ਐੱਚ.ਐੱਸ. ਵੱਲੋਂ ਤੁਹਾਡੇ ਕੋਲ ਹੋਣ ਵਾਲੇ ਕਿਸੇ ਵੀ ਪ੍ਰਸ਼ਨਾਂ ਦਾ ਉੱਤਰ ਦੇਣ ਲਈ ਪ੍ਰਕਾਸ਼ਤ ਕੀਤਾ ਹੈ।.

**www.bit.ly/C19vaccinationandbloodclotting**